(47)

3013-G
11/7/06

ਅਤਿ ਜ਼ਰੂਰੀ

ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਵਿਭਾਗ
(ਐਮ.ਈ.ਸੈੱਲ)

Dist. ... Jalandhar
1/7/06
Read D.R.O.

ਸੇਵਾ ਵਿਖੇ

ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ।

ਮੀਮੋ ਨੰ: 3/30/06-ਮਸ.1/6287
ਚੰਡੀਗੜ੍ਹ, ਮਿਤੀ: 29/6/06

ਵਿਸ਼ਾ :- ਮਾਲ ਅਦਾਲਤੀ ਕੇਸਾਂ ਦੇ ਮਾਸਿਕ ਵਿਵਰਣ ਕੰਪਿਊਟਰ ਵਿੱਚ ਫੀਡ ਕਰਕੇ ਈ-ਮੇਲ meo_chd@yahoo.co.in ਰਾਹੀਂ ਸਰਕਾਰ ਨੂੰ ਹਰ ਮਹੀਨੇ ਦੀ 5 ਤਾਰੀਖ ਤੱਕ ਭੇਜਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੋ ਸੂਚਨਾ ਆਪ ਵੱਲੋਂ ਹਰ ਮਹੀਨੇ ਦੀ 5 ਤਾਰੀਖ ਤੱਕ ਭੇਜੀ ਜਾਣੀ ਹੁੰਦੀ ਹੈ ਉਸ ਸਬੰਧੀ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਇਹ ਸੂਚਨਾ ਆਪ ਵੱਲੋਂ ਸਮੇਂ ਸਿਰ ਨਹੀਂ ਭੇਜੀ ਜਾਂਦੀ ਜਿਸ ਕਰਕੇ ਵਾਰ-ਵਾਰ ਆਪ ਨੂੰ ਚਿਤਾਵਨੀ ਪੱਤਰ ਦੇਣੇ ਪੈਂਦੇ ਹਨ ਅਤੇ ਚਿਤਾਵਨੀ ਪੱਤਰ ਦੇਣ ਦੇ ਬਾਵਜੂਦ ਵੀ ਜੋ ਸੂਚਨਾ ਪ੍ਰਾਪਤ ਹੁੰਦੀ ਹੈ ਉਹ ਅਧੂਰੀ ਅਤੇ ਠੀਕ ਨਹੀਂ ਹੁੰਦੀ ਹੈ ਜਿਸ ਦਾ ਸਰਕਾਰ ਨੇ ਗੰਭੀਰ ਨੋਟਿਸ ਲਿਆ ਹੈ। ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਲੋੜੀਂਦੀ ਸੂਚਨਾ ਸਬ-ਤਹਿਸੀਲਾਂ, ਤਹਿਸੀਲਾਂ ਅਤੇ ਉਪ ਮੰਡਲ ਵਿੱਚ ਲੱਗੇ ਮਾਲ ਅਧਿਕਾਰੀਆਂ ਤੋਂ ਪਹਿਲਾਂ ਭੇਜੇ ਨਿਰਧਾਰਿਤ ਪ੍ਰੋਫਾਰਮਿਆਂ ਵਿੱਚ ਪ੍ਰਤੀਸ਼ਤਤਾ (Percentage) ਦਾ ਕਾਲਮ ਦਰਜ ਕਰਕੇ ਪ੍ਰਾਪਤ ਕਰਨ ਉਪਰੰਤ ਆਪਣੇ ਕੰਪਿਊਟਰ ਵਿੱਚ ਫੀਡ ਕਰਕੇ ਅਤੇ ਨਾਲ ਹੀ ਜਿਲੇ ਦੀ ਸੂਚਨਾ ਫੀਡ ਕਰਕੇ ਸੰਕਲਿਤ ਕਰਨ ਉਪਰੰਤ ਈ-ਮੇਲ meo_chd@yahoo.co.in ਰਾਹੀਂ ਅਤੇ ਡਾਕ ਰਾਹੀਂ ਸਮਰੱਥ ਅਧਿਕਾਰੀ ਦੇ ਹਸਤਾਖਰਾਂ ਸਹਿਤ ਸਰਕਾਰ ਨੂੰ ਹਰ ਮਹੀਨੇ ਦੀ 5 ਤਾਰੀਖ ਤੱਕ ਭੇਜੀ ਜਾਣੀ ਯਕੀਨੀ ਬਣਾਈ ਜਾਵੇ।

Kochhar 29/6/06
ਮੁਲਅੰਕਣ ਤੇ ਸਲਾਹਕਾਰ ਅਫਸਰ

ਪਿੱਠ ਅੰਕਣ ਨੰ:3/30/06-ਮਸ.1/6288 ਚੰਡੀਗੜ੍ਹ, ਮਿਤੀ: 29/6/06

ਇਸ ਦਾ ਇਕ ਉਤਾਰਾ :-

1. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ।
2. ਕਮਿਸ਼ਨਰ, ਫਿਰੋਜ਼ਪੁਰ ਮੰਡਲ, ਫਿਰੋਜ਼ਪੁਰ।
3. ਕਮਿਸ਼ਨਰ, ਪਟਿਆਲਾ ਮੰਡਲ, ਪਟਿਆਲਾ।
4. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ

ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Kochhar 29/6/06
ਮੁਲਅੰਕਣ ਤੇ ਸਲਾਹਕਾਰ ਅਫਸਰ